The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEAN US
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning
3 Bedroom $95
5 Bedroom $135
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
Contact : Raj 021 8740 730, 0800 253 2687
www.redcleaning.co.nz

24 January 2019 Daily, editornztasveer@gmail.com designnztasveer@gmail.com Ph/Fax: 09 390 4644 FREE

ਨਿਊਜੀਲੈਂਡ ਖਿਲਾਫ ਜਿੱਤ ਤੋਂ ਬਾਅਦ ਕੋਹਲੀ ਨੇ ਕਿਹਾ, ਗੇਂਦਬਾਜ਼ਾਂ ਨੇ ਖੁੱਦ ਤੇ ਭਰੋਸਾ ਦਿਖਾਇਆ

ਨੇਪੀਅਰ : ਭਾਰਤੀ ਕਪਤਾਨ ਵਿਰਾਟ ਕੋਹਲੀ ਨੇ ਨਿਊਜ਼ੀਲੈਂਡ ਨੂੰ ਪਹਿਲੇ ਵਨ ਡੇ 'ਚ 8 ਵਿਕਟ ਨਾਲ ਹਰਾਉਣ ਤੋਂ ਬਾਅਦ ਆਪਣੇ ਗੇਂਦਬਾਜ਼ਾਂ ਦੀਆਂ ਸਿਫਤਾਂ ਦੇ ਪੁਲ ਬੰਨ੍ਹਦਿਆਂ ਇਸ ਜਿੱਤ ਦਾ ਸਿਹਰਾ ਗੇਂਦਾਬਜ਼ਾਂ ਨੂੰ ਦਿੱਤਾ ਹੈ। ਵਿਰਾਟ ਨੇ ਬੁੱਧਵਾਰ ਨੂੰ ਮੈਚ ਤੋਂ ਬਾਅਦ ਕਿਹਾ, "ਅੱਜ ਦਾ ਪ੍ਰਦਰਸ਼ਨ ਸਾਡੇ ਪਿਛਲੇ ਕੁਝ ਮੈਚਾਂ ਦੇ ਮੁਕਾਬਲੇ ਸਭ ਤੋਂ ਸੰਤੁਲਿਤ ਪ੍ਰਦਰਸ਼ਨਾਂ ਵਿਚੋਂ ਸੀ। ਜਦੋਂ ਮੈਂ ਟਾਸ ਹਾਰ ਗਿਆ ਤਾਂ ਮੈਨੂੰ ਲੱਗਾ ਕਿ ਸਕੋਰ 300 ਦੇ ਕਰੀਬ ਜਾ ਸਕਦਾ ਹੈ ਪਰ ਸਾਡੇ ਗੇਂਦਬਾਜ਼ਾਂ ਨੇ ਸ਼ਾਨਦਾਰ ਗੇਂਦਬਾਜ਼ੀ ਕੀਤੀ ਅਤੇ ਨਿਊਜ਼ੀਲੈਂਡ ਨੂੰ ਛੋਟੇ ਸਕੋਰ 'ਤੇ ਰੋਕ ਦਿੱਤਾ।"ਉਨ੍ਹਾਂ ਕਿਹਾ, "ਤੇਜ਼ ਗੇਂਦਬਾਜ਼ਾਂ ਨੇ ਬਿਹਤਰ ਪ੍ਰਦਰਸ਼ਨ ਕੀਤਾ। ਉਨ੍ਹਾਂ ਨੇ ਖੁੱਦ

'ਤੇ ਭਰੋਸਾ ਦਿਖਾਇਆ ਕਿ ਉਹ ਕਿਸੇ ਵੀ ਹਾਲਾਤ 'ਚ ਗੇਂਦਬਾਜ਼ੀ ਕਰ ਸਕਦੇ ਹਨ। ਉਨ੍ਹਾਂ ਨੂੰ ਆਪਣੀ ਸਮਰੱਥਾ ਅਤੇ ਹੁਨਰ 'ਤੇ ਭਰੋਸਾ ਹੈ। ਸਪਿਨ ਗੇਂਦਬਾਜ਼ਾਂ ਨੇ ਮੈਚ ਦੇ ਪਹਿਲੇ ਹਾਫ 'ਚ ਸ਼ਾਨਦਾਰ ਗੇਂਦਬਾਜ਼ੀ ਕੀਤੀ ਸੀ। ਉਨ੍ਹਾਂ ਨੇ ਵਿਰੋਧੀ ਬੱਲੇਬਾਜ਼ਾਂ ਨੂੰ ਪਰੇਸ਼ਾਨ ਕਰ ਦਿੱਤਾ ਸੀ, ਜਿਸ ਨਾਲ ਕੀਵੀ ਟੀਮ ਨੇ ਦਬਾਅ 'ਚ ਆ ਕੇ ਆਪਣੀਆਂ ਵਿਕਟਾਂ ਗੁਆਈਆਂ। ਸ਼ਿਖਰ ਧਵਨ ਬਾਰੇ ਕੋਹਲੀ ਨੇ ਕਿਹਾ ਕਿ ਅਸੀਂ ਆਪਸ 'ਚ ਉਨ੍ਹਾਂ ਦੀ ਬੱਲੇਬਾਜ਼ੀ ਦੀ ਗੱਲ ਕਰ ਰਹੇ ਸੀ ਕਿ ਉਹ ਕਿਵੇਂ ਮੈਚ ਨੂੰ ਖਤਮ ਕਰ ਦਿੰਦੇ ਹਨ। ਜੇਕਰ ਉਹ ਨਿਸ਼ਚਾ ਕਰ ਲੈਣ ਕਿ ਮੈਚ ਖਤਮ ਕਰਨਾ ਹੈ ਤਾਂ ਅਜਿਹੇ 'ਚ ਉਹ ਭਾਰਤ ਲਈ ਕਾਫੀ ਮਹੱਤਵਪੂਰਨ ਹੋ ਜਾਂਦੇ ਹਨ।"

ਨਿਊਜੀਲੈਂਡ ਖਿਲਾਫ ਆਖਰੀ 2 ਵਨਡੇ ਅਤੇ ਟੀ-20 ਸੀਰੀਜ਼ ਤੋਂ ਬਾਹਰ ਹੋਏ ਕੋਹਲੀ

ਭਾਰਤੀ ਕਪਤਾਨ ਵਿਰਾਟ ਕੋਹਲੀ ਨੂੰ ਨਿਊਜ਼ੀਲੈਂਡ ਖਿਲਾਫ ਪੰਜ ਵਨਡੇ ਦੀ ਸੀਰੀਜ਼ ਦੇ ਦੋ ਆਖਰੀ ਮੈਚਾਂ 'ਚ ਇਸ ਦੇ ਬਾਅਦ ਹੋਣ ਵਾਲੀ ਟੀ-20 ਸੀਰੀਜ਼ ਲਈ ਆਰਾਮ ਦਿੱਤਾ ਗਿਆ ਹੈ। ਉਪ ਰੋਹਿਤ ਸ਼ਰਮਾ ਉਸ ਦੀ ਗੈਰਹਾਜ਼ਰੀ 'ਚ ਟੀਮ ਦੀ ਅਗਵਾਈ ਕਰਨਗੇ। ਚੋਣ ਕਮੇਟੀ ਅਤੇ ਟੀਮ ਪ੍ਰਬੰਧਕ ਨੇ ਪਿਛਲੇ ਦੋ ਮਹੀਨਿਆਂ 'ਚ ਉਨ੍ਹਾਂ ਦੇ ਵਿਸੇਸ਼ ਪ੍ਰੋਗਰਾਮ ਨੂੰ ਦੇਖਦੇ ਹੋਏ ਇਹ ਫੈਸਲਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਭਾਰਤ ਨੂੰ ਆਸਟਰੇਲੀਆ 'ਚ ਟੈਸਟ ਅਤੇ ਦੋਪੱਖੀ ਵਨਡੇ ਸੀਰੀਜ਼ 'ਚ ਪਹਿਲੀ ਵਾਰ ਜਿੱਤ ਦਿਵਾਈ। ਬੀ.ਸੀ.ਸੀ.ਆਈ. ਨੇ ਇਕ ਬਿਆਨ 'ਚ ਕਿਹਾ ਕਿ ਪਿਛਲੇ ਕੁਝ ਮਹੀਨਿਆਂ 'ਚ ਉਨ੍ਹਾਂ ਨੂੰ ਦੇਖਦੇ ਹੋਏ ਟੀਮ ਪ੍ਰਬੰਧਕ ਅਤੇ ਸੀਨੀਅਰ ਚੋਣ ਕਮੇਟੀ ਦਾ ਇਹ ਵਿਚਾਰ ਸੀ ਕਿ ਆਸਟਰੇਲੀਆ ਖਿਲਾਫ ਘਰੇਲੂ ਸੀਰੀਜ਼ ਤੋਂ ਪਹਿਲਾਂ ਉਨ੍ਹਾਂ ਨੂੰ ਆਰਾਨ ਦਿੱਤੇ ਜਾਣਾ ਸਹੀ ਹੋਵੇਗਾ। ਇਸ ਦੇ ਅਨੁਸਾਰ ਨਿਊਜ਼ੀਲੈਂਡ ਸੀਰੀਜ਼ ਲਈ ਟੀਮ 'ਚ ਕੋਹਲੀ ਦੀ ਜਗ੍ਹਾ ਕਿਸੇ ਹੋਰ ਖਿਡਾਰੀ ਨੂੰ ਸ਼ਾਮਲ ਨਹੀਂ ਕੀਤਾ ਜਾਵੇਗਾ। ਰੋਹਿਤ ਸ਼ਰਮਾ ਆਖਰੀ ਦੋ ਵਨਡੇ ਅਤੇ ਟੀ-20 ਸੀਰੀਜ਼ 'ਚ ਟੀਮ ਦੇ ਕਪਤਾਨ ਹੋਣਗੇ। ਆਸਟਰੇਲੀਆ ਦੌਰੇ ਤੋਂ ਪਹਿਲਾਂ ਕੋਹਲੀ ਨੂੰ ਵੈਸਟਇੰਡੀਜ਼ ਖਿਲਾਫ ਘਰੇਲੂ ਟੀ-20 ਸੀਰੀਜ਼ ਲਈ ਆਰਾਮ ਦਿੱਤਾ ਗਿਆ ਸੀ। ਉਨ੍ਹਾਂ ਨੇ ਸਤੰਬਰ 'ਚ ਏਸ਼ੀਆ ਕੱਪ ਲਈ ਵੀ ਬ੍ਰੇਕ ਦਿੱਤਾ ਗਿਆ ਸੀ ਅਤੇ ਰੋਹਿਤ ਨੇ ਸੰਯੁਕਤ ਅਰਬ ਅਮੀਰਾਤ 'ਚ ਟੀਮ ਦੀ ਅਗਵਾਈ ਕਰਦੇ ਹੋਏ ਟੀਮ ਨੂੰ ਖਿਤਾਬ ਜਿਤਾਇਆ ਸੀ। ਭਾਰਤੀ ਖਿਡਾਗੀਆਂ ਦਾ ਮਈ ਤੋਂ ਜੁਲਾਈ ਤੱਕ ਹੋਣ ਵਾਲੇ ਵਿਸ਼ਵ ਕੱਪ ਲਈ ਪ੍ਰੋਗਰਾਮ ਕਾਫੀ ਵਿਵਸਤ ਹੈ। ਨਿਊਜ਼ੀਲੈਂਡ ਖਿਲਾਫ ਮੌਜੂਦਾ ਦੌਰੇ ਤੋਂ ਪਹਿਲਾਂ ਭਾਰਤ 24 ਫਰਵਰੀ ਤੋਂ ਆਸਟਰੇਲੀਆ ਖਿਲਾਫ ਪੰਜ ਵਨਡੇ ਦੀ ਮੇਜਬਾਨੀ ਕਰੇਗਾ ਅਤੇ ਇਸ ਦੇ ਤੁਰੰਤ ਬਾਅਦ ਆਈ.ਪੀ.ਐੱਲ. ਆਯੋਜਿਤ ਕੀਤਾ ਜਾਵੇਗਾ। ਭਾਰਤ ਨੇ ਬੁੱਧਵਾਰ ਨੂੰ ਨਿਊਜ਼ੀਲੈਂਡ ਖਿਲਾਫ ਸ਼ੁਰੂਆਤੀ ਮੈਚ 'ਚ ਜਿੱਤ ਦਰਜ਼ ਕਰ ਕੇ ਭਾਰਤ ਖਿਲਾਫ ਮੌਜੂਦਾ ਵਨਡੇ ਸੀਰੀਜ਼ 'ਚ 1-0 ਨਾਲ ਬੜਤ ਬਣਾ ਲਈ ਹੈ।

ਮੈਨੁਕਾਓ ਅਦਾਲਤ ਨੇ ਬਲਾਤਕਾਰ ਤੇ ਹਮਲਾ ਕਰਨ ਵਾਲੇ ਨੂੰ ਸਜਾ ਸੁਣਾਈ,15 ਸਾਲ ਬਾਅਦ ਅੜਿੱਕੇ ਆਇਆ ਦੋਸ਼ੀ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਇੱਕ ਆਦਮੀ ਨੂੰ ਨਾਰਥਲੈਂਡ ਵਿੱਚ ਕਾਇਤੀਆ ਦੀ ਇੱਕ ਔਰਤ ਦਾ ਬਲਾਤਕਾਰ ਕਰਨ ਅਤੇ ਉਸ 'ਤੇ ਹਮਲਾ ਕਰਨ 'ਤੇ ਸਜਾ ਸੁਣਾਈ ਗਈ ਹੈ। ਮਾਮਲਾ 2003 ਦਾ ਜਦੋਂ ਵਾਇਰਮੂ ਇਬਰਾਹੀਮ ਔਰਤ ਦੇ ਘਰ ਦਾਖਲ ਹੋਇਆ ਜਦੋਂ ਉਹ ਆਪਣੇ ਬੱਚਿਆਂ ਨਾਲ ਸੁੱਤੀ ਪਈ ਸੀ। ਉਸ ਨੇ ਬਲਾਤਕਾਰ ਕੀਤਾ ਅਤੇ ਉਸਨੂੰ ਜਖਮੀ ਕਰ ਦਿੱਤਾ। ਪਰ ਉਹ ਪੁਲਿਸ ਦੀ ਗ੍ਰਿਫਤ ਤੋਂ ਬਚ ਗਿਆ। ਪਿਛਲੇ ਸਾਲ ਇਬਰਾਹਿਮ ਨੂੰ ਇਕ ਹੋਰ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ ਸਮੇਂ ਉਸ ਦੇ ਡੀਐਨਏ ਨੂੰ ਕਾਇਤੀਆ ਘਰ ਵਿਚ ਲਏ ਗਏ ਨਮੂਨਿਆਂ ਨਾਲ ਮਿਲਾਇਆ ਗਿਆ ਜੋ ਕੇ ਮੈਚ ਕਰ ਗਏ। ਉਸ ਨੂੰ ਕੱਲ੍ਹ ਮੈਨਕਾਓ ਜ਼ਿਲ੍ਹਾ ਅਦਾਲਤ ਵਿਚ ਅੱਠ ਸਾਲ ਹੋਰ ਕਈ ਦੋਸ਼ਾਂ ਹੇਠ ਇਕ ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ। ਡਿਟੈਕਟਿਵ ਸਰਜੈਨਟ ਮਾਰਕ ਡੈਲਜ਼ਲ ਨੇ ਕਿਹਾ ਕਿ ਔਰਤ ਨੂੰ ਬਹੁਤ ਸਗੀਰਕ ਸੱਟਾਂ ਦਾ ਸਾਹਮਣਾ ਕਰਨਾ ਪਿਆ ਸੀ। ਉਨ੍ਹਾਂ ਕਿਹਾ, "ਇਹ ਇਕ ਹੈਰਾਨਕੁਨ ਤਾਨਾਸ਼ਾਹੀ ਹਮਲਾ ਹੈ ਅਤੇ ਇਸ ਤਰ੍ਹਾਂ ਦੇ ਅਪਰਾਧ ਸਾਡੇ ਕਸਬੇ ਵਿਚ ਬਹੁਤ ਘੱਟ ਹਨ, ਅਸੀਂ ਔਰਤ ਨਾਲ ਵਾਅਦਾ ਕੀਤਾ ਸੀ ਕਿ ਅਸੀਂ ਇਸ ਕੇਸ ਨੂੰ ਬੰਦ ਨਹੀਂ ਕਰਾਂਗੇ ਅਤੇ ਅਸੀਂ ਇਸ ਨੂੰ ਹੱਲ ਕਰਨ ਦਾ ਪੱਕਾ ਇਰਾਦਾ ਕੀਤਾ ਸੀ।

ਜੋ ਨਿਊਜੀਲੈਂਡ 'ਚ ਹੋਇਆ ਉਹ ਕ੍ਰਿਕਟ ਦੇ ਇਤਿਹਾਸ 'ਚ ਵੀ ਪਹਿਲੀ ਵਾਰ ਹੋਇਆ

ਨੇਪੀਅਰ : ਕ੍ਰਿਕਟ ਵਿਚ ਆਮ ਤੌਰ 'ਤੇ ਮੀਂਹ ਅਤੇ ਖਰਾਬ ਰੌਸ਼ਨੀ ਕਾਰਨ ਖੇਡ ਰੋਕਣ ਦੀਆਂ ਘਟਨਾਵਾਂ ਆਉਂਦੀਆਂ ਹੀ ਰਹਿੰਦੀਆਂ ਹਨ ਪਰ ਜਗਮਗਾਉਂਦਾ ਸੂਰਜ ਖੇਡ ਰੋਕ ਦਵੇ ਤਾਂ ਇਸ ਨੂੰ ਹੈਰਾਨੀ ਹੀ ਕਿਹਾ ਜਾਵੇਗਾ। ਅਜਿਹਾ ਹੀ ਪਲ ਭਾਰਤ ਅਤੇ ਨਿਊਜ਼ੀਲੈਂਡ ਵਿਚਾਲੇ ਬੁੱਧਵਾਰ ਨੂੰ ਮੈਕਲੀਨ ਪਾਰਕ ਵਿਚ ਪਹਿਲਾ ਵਨ ਡੇ ਦੌਰਾਨ ਦੇਖਣ ਨੂੰ ਮਿਲਿਆ। ਇਸ ਦਿਨ-ਰਾਤ ਮੈਚ ਵਿਚ ਭਾਰਤ ਨੇ ਡਿਨਰ ਬ੍ਰੇਕ 'ਤੇ ਜਾਣ ਤੱਕ 9 ਓਵਰ ਖੇਡੇ ਸੀ। ਬ੍ਰੇਕ ਤੋਂ ਬਾਅਦ ਜਦੋਂ ਖੇਡ ਸ਼ੁਰੂ ਹੋਇਆ ਤਾਂ ਇਕ ਓਵਰ ਤੋਂ ਬਾਅਦ ਹੀ ਖੇਡ ਰੋਕਣਾ ਪਿਆ। ਖੇਡ ਰੋਕਣ ਦਾ ਕਾਰਨ ਹੋਰ ਕੋਈ ਨਹੀਂ ਸੂਰਜ ਸੀ।ਦਰਅਸਲ ਸਟੇਡੀਅਮ ਵਿਚ ਇਕ ਹਿੱਸੇ ਤੋਂ ਡੁਬਦੇ ਸੂਰਜ ਦੀਆਂ ਸਿੱਧੀਆਂ ਕਿਰਣਾ ਇਕ ਪਾਸੇ ਦੇ ਬੱਲੇਬਾਜ਼ਾਂ, ਵਿਕਟਕੀਪਰਾਂ, ਸਲਿਪ ਫੀਲਡਰ ਅਤੇ ਅੰਪਾਇਰ 'ਤੇ ਪੈ ਰਹੀਆਂ ਸੀ। ਇਸ ਅਜੀਬੋ-ਗਰੀਬ ਰੁਕਾਵਟ ਕਾਰਨ ਖੇਡ ਅੱਧਾ ਘੰਟਾ ਰੁਕਿਆ ਰਿਹਾ। ਕ੍ਰਿਕਟ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋਇਆ ਕਿ ਸੂਰਜ ਕਾਰਨ ਖੇਡ ਰੋਕਣਾ ਪਿਆ। ਖੇਡ ਰੋਕਣ ਦੌਰਾਨ ਨੇਪੀਅਰ ਦੇ ਮੇਅਰ ਨੇ ਕਿਹਾ ਕਿ ਸਟੇਡੀਅਮ ਦੇ ਇਕ ਪਾਸੇ ਦੀ ਕਮੀ ਨੂੰ ਦੂਰ ਕੀਤਾ ਜਾਵੇਗਾ ਤਾਕਿ ਇਸ ਤਰ੍ਹਾਂ ਖੇਡ ਨਹੀਂ ਰੁਕੇ। ਅੱਧਾ ਘੰਟਾ ਖੇਡ ਖਰਾਬ ਹੋਣ ਕਾਰਨ ਭਾਰਤ ਲਈ ਟੀਚਾ 49 ਓਵਰਾਂ ਵਿਚ 156 ਦੌੜਾਂ ਕੀਤਾ ਗਿਆ।

ਜਦੋਂ ਵ੍ਹੱਟਸਐਪ ਨੂੰ ਲੱਗੀ ਬ੍ਰੇਕ, ਦੁਨੀਆ ਦੇ ਰੁਕ ਗਏ ਸਾਹ !

ਨਵੀਂ ਦਿੱਲੀ: ਇੰਸਟੈਂਟ ਮੈਸੇਜ਼ਿਗ ਐਪ ਵ੍ਹੱਟਸਐਪ ਮੰਗਲਵਾਰ ਦੇਰ ਰਾਤ ਕਰੀਬ 15 ਮਿੰਟ ਲਈ ਬੰਦ ਰਹੀ। ਇਸ ਕਰਕੇ ਦੁਨੀਆ ਭਰ ਦੇ ਕਰੀਬ 1.5 ਅਰਬ ਵਰਤੋਂਕਾਰ ਪ੍ਰਭਾਵਿਤ ਹੋਏ। ਅਚਾਨਕ ਦੇਰ ਰਾਤ ਵ੍ਹਟਸਐਪ ਕ੍ਰੈਸ਼ ਹੋਣ ਨਾਲ ਯੂਜ਼ਰਸ ਨਾ ਤਾਂ ਲੋਕਾਂ ਨੂੰ ਮੈਸੇਜ ਕਰ ਪਾਏ ਤੇ ਨਾ ਹੀ ਮੈਸੇਜ ਰਿਸੀਵ ਕਰ ਪਾ ਰਹੇ ਸੀ। ਕੁਝ ਲੋਕਾਂ ਨੂੰ ਤਾਂ ਵ੍ਹੱਟਸਐਪ ਦੀ ਕਨੈਕਟੀਵਿਟੀ 'ਚ ਵੀ ਪ੍ਰੇਸ਼ਾਨੀ ਹੋ ਰਹੀ ਸੀ।ਡਿਜ਼ੀਟਲ ਸਰਵਿਸ ਨੂੰ ਮੌਨੀਟਰ ਕਰਨ ਵਾਲੀ ਵੈਬਸਾਈਟ downdetector.com ਮੁਤਾਬਕ, ਐਂਡ੍ਰਾਇਡ ਤੇ ਆਈਓਐਸ ਦੋਵਾਂ ਹੀ ਪਲੇਟਫਾਰਮ 'ਤੇ ਯੂਜ਼ਰਸ ਨੂੰ ਇਸ ਦਿੱਕਤ ਦਾ ਸਾਹਮਣਾ ਕਰਨਾ ਪਿਆ। downdetector.com ਮੁਤਾਬਕ, ਭਾਰਤ ਸਮੇਤ ਅਮਰੀਕਾ ਤੇ ਯੂਰਪ ਦੇ ਜਿਨ੍ਹਾਂ ਯੂਜ਼ਰਸ 'ਤੇ ਇਸ ਦਾ ਅਸਰ ਹੋਇਆ, ਉਨ੍ਹਾਂ ਵਿੱਚੋਂ 58% ਨੂੰ ਖ਼ਰਾਬ ਕਨੈਕਟੀਵਿਟੀ, 22% ਨੂੰ ਮੈਸੇਜ ਨਾ ਮਿਲਣ ਤੇ 19% ਨੂੰ ਵ੍ਹੱਟਸਐਪ ਲਾਗਇੰਨ ਕਰਨ 'ਚ ਦਿੱਕਤ ਆਈ।ਨਵੇਂ ਸਾਲ 'ਚ ਇਹ ਪਹਿਲੀ ਵਾਰ ਹੈ ਜਦੋਂ ਵ੍ਹੱਟਸਐਪ ਡਾਊਨ ਹੋਣ ਦੀ ਖ਼ਬਰ ਸਾਹਮਣੇ ਆਈ ਹੈ, ਜਦਕਿ ਪਿਛਲੇ ਸਾਲ ਇਸ ਤਰ੍ਹਾਂ ਦੀਆਂ ਖ਼ਬਰਾਂ 50 ਵਾਰ ਸਾਹਮਣੇ ਆਈ ਸੀ। ਵੈੱਬਸਾਈਟ ਮੁਤਾਬਕ, ਵ੍ਹੱਟਸਐਪ 'ਚ ਸਭ ਤੋਂ ਜ਼ਿਆਦਾ 21 ਵਾਰ ਪ੍ਰੇਸ਼ਾਨੀ ਫ਼ਰਵਰੀ 2018 'ਚ ਹੋਈ ਸੀ।ਦੁਨੀਆ ਭਰ 'ਚ ਵ੍ਹੱਟਸਐਪ 'ਤੇ ਪ੍ਰੇਸ਼ਾਨੀ ਆਉਣ ਤੋਂ ਬਾਅਦ ਟਵਿਟਰ 'ਤ WhatsappDown ਟ੍ਰੇਂਡ ਕਰ ਰਿਹਾ ਹੈ ਤੇ ਲੋਕਾਂ ਨੇ ਟਵਿਟਰ 'ਤੇ ਵ੍ਹੱਟਸਐਪ ਬਾਰੇ ਆਪਣਾ ਗੁੱਸਾ ਕੱਢਿਆ ਹੈ। ਸੋਸ਼ਲ ਮੀਡੀਆ 'ਤੇ ਵ੍ਹੱਟਸਐਪ ਨੂੰ ਟ੍ਰੋਲ ਵੀ ਕੀਤਾ ਜਾ ਰਿਹਾ ਹੈ।